# ਖ਼ੁਲਾਸਾ ਖ਼ੁਤਬਾ ਜੁਮਆ 21 .11.2014

**ਵੱਲੋਂ : ਨਜ਼ਾਰਤ ਨਸ਼ੋਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਨਵੰਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਜੋ ਕਰਮ ਹਨ ਦੁਨੀਆ ਦੇ ਹਨ ਅਤੇ ਰੱਬ ਤੋਂ ਜਿਵੇਂ ਦੂਰ ਹੋ ਰਹੇ ਹਨ ਅਤੇ ਨ ਕੇਵਲ ਦੂਰ ਹੋ ਰਹੇ ਹਨ ਸਗੋਂ ਜ਼ੁਲਮ ਵੀ ਕਰ ਰਹੇ ਹਨ ਉਹ ਇਹਨਾਂ ਆਫਤਾਂ ਨੂੰ ਫ਼ਿਰ ਬੁਲਾਉਣ ਲਈ ਆਪ ਖ਼ੁੱਦ ਇਹਨਾਂ ਦੇ ਕਰਮ ਛੇਤੀ ਕਰ ਰਹੇਂ ਹਨ । ਅਲੱਾਹ ਰਹਿਮ ਫਰਮਾਏ ਅਤੇ ਅਹਮਦੀਆਂ ਨੂੰ ਦੁਆਵਾਂ ਕਰਨ ਦੀ ਤੌਫ਼ੀਕ ਪ੍ਦਾਨ ਕਰੇ ਅਤੇ ਸਾਨੂੰ ਆਪਣੇ ਕਰਮਾ ਨੂੰ ਠੀਕ ਰੱਖਣ ਦੀ ਤੌਫ਼ੀਕ ਪ੍ਦਾਨ ਕਰੇ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਸ ਸਮੇਂ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕੁਝ ਕਥਨ, ਆਦੇਸ਼ ਤੇ ਲਿੱਖਤਾਂ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਨੇ ਦੁਆ ਦੇ ਕਬੂਲ ਹੋਣ ਦੀਆਂ ਘਟਨਾਵਾਂ ਵਰਨਣ ਕੀਤੀਆਂ ਹਨ । ਕੁਝ ਘਟਨਾਵਾਂ ਹਨ ਅਤੇ ਕੁਝ ਚਮਤਕਾਰਾਂ ਦਾ ਵੀ ਵਰਨਣ ਹੈ ਰੱਬੀ ਸਹਾਇਤਾ ਦਾ ਵੀ ਵਰਨਣ ਕੀਤਾ ਹੈ ਅਤੇ ਨਸੀਹਤ ਵੀ ਫ਼ਰਮਾਈ ਹੈ ਕਿ ਅਲੱਾਹ ਤਆਲਾ ਨੇ ਮੈਨੂੰ ਇਸ ਯੁੱਗ ਵਿੱਚ ਭੇਜਿਆ ਹੈ ਆਪਣੇ ਫ਼ਰਸਤਾਦੇ ਨੂੰ ਭੇਜਿਆ ਹੈ । ਉਸ ਦੀਆਂ ਗੱਲਾਂ ਨੂੰ ਸੁਣੋ ਇਸੇ ਵਿੱਚ ਬਰਕਤ ਹੈ ਅਤੇ ਇਸ ਸਿਲਸਿਲੇ (ਜਮਾਤ) ਦੀ ਤਰੱਕੀ ਰੱਬ ਦੀਆਂ ਤਕਦੀਰਾਂ ਵਿੱਚੋਂ ਇਕ ਤਕਦੀਰ ਹੈ ਅਤੇ ਇਸ ਦੇ ਯੁੱਗ ਨਾਲ ਹੀ ਮਾਨਵਤਾ ਦਾ ਜੀਵਨ ਹੈ । ਇਕ ਥਾਂ ਨਵਾਬ ਅਲੀ ਮੁਹਮੱਦ ਖਾਂ ਸਾਹਬ ਰਈਸ ਲੁਧਿਆਨਾ ਦੇ ਇਕ ਪਤੱਰ ਦਾ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਕ ਵਾਰ ਨਵਾਬ ਅਲੀ ਮੁਹਮੱਦ ਖਾਂ ਸਾਹਬ ਮਰਹੂਮ ਰਈਸ ਲੁਧਿਆਣਾ ਨੇ ਮੇਰੇ ਵੱਲ ਇਕ ਪਤੱਰ ਲਿੱਖਿਆ ਕਿ ਮੇਰੇ ਕੁਝ ਕੰਮ ਬੰਦ ਹੋ ਗਏ ਹਨ ਆਪ ਦੁਆ ਕਰੋ ਖੁੱਲ ਜਾਣ । (ਕੁਝ ਕਾਰੋਬਾਰੀ ਪਰੇਸ਼ਾਨੀਆਂ ਸਨ, ਫ਼ਰਮਾਉਂਦੇ ਹਨ) ਜੱਦ ਮੈਂ ਦੁਆ ਕੀਤੀ ਤਾਂ ਮੈਂਨੂੰ ਇਲਹਾਮ ਹੋਇਆ ਕਿ ਖੁੱਲ ਜਾਣਗੇ । ਮੈਂ ਉਹਨਾਂ ਨੂੰ ਪਤੱਰ ਰਾਹੀਂ ਸੂਚਨਾ ਦੇ ਦਿੱਤੀ । ਫਿਰ ਕੇਵਲ ਦੋ ਚਾਰ ਦਿਨ ਬਾਦ ਉਹ ਕੰਮ ਖੁੱਲ ਗਏ ਅਤੇ ਉਹਨਾਂ ਨੂੰ ਬਹੁਤ ਇਤਕਾਦ ਹੋ ਗਿਆ । ਫਿਰ ਇਕ ਵਾਰ ਉਹਨਾਂ ਨੇ ਕੁਝ ਆਪਣੇ ਗੁਪਤ ਮਾਮਲਿਆਂ ਬਾਰੇ ਮੇਰੇ ਵੱਲ ਇਕ ਪਤੱਰ ਲਿੱਖਿਆ ਅਤੇ ਜਿਸ ਸਮੇਂ ਉਹਨਾਂ ਨੇ ਪਤੱਰ ਮੇਰੇ ਵੱਲ ਪਾਇਆ ਉਸੇ ਸਮੇਂ ਮੈਂਨੂੰ ਇਲਹਾਮ ਹੋਇਆ ਕਿ ਇਸ ਵਿਸ਼ੇ ਦਾ ਪਤੱਰ ਉਹਨਾਂ ਵੱਲੋਂ ਆਉਣ ਵਾਲਾ ਹੈ । ਤਾਂ ਮੈਂ ਬਿਨਾ ਦੇਰੀ ਕੀਤਿਆਂ ਉਹਨਾਂ ਵੱਲ ਇਕ ਪਤੱਰ ਲਿੱਖਿਆ ਕਿ ਇਸ ਵਿਸ਼ੇ ਦਾ ਪੱਤਰ ਆਪ ਭੇਜੋਗੇ, ਦੂਜੇ ਦਿਨ ਉਹ ਪਤੱਰ ਆ ਗਿਆ ਅਤੇ ਜੱਦ ਮੇਰਾ ਪਤੱਰ ਉਹਨਾਂ ਨੂੰ ਮਿਲਿਆ ਤਾਂ ਉਹ ਹੈਰਾਨੀ ਦੇ ਦਰਿਆਂ ਵਿੱਚ ਡੁੱਬ ਗਏ ਕਿ ਇਹ ਗ਼ੈਬ ਦੀ ਗੱਲ ਉਹਨਾਂ ਨੂੰ ਕਿਵੇਂ ਮਿਲ ਗਈ ਕਿਉਂਕਿ ਮੇਰੇ ਇਸ ਭੇਦ ਦੀ ਖ਼ਬਰ ਕਿਸੇ ਨੂੰ ਨਹੀਂ ਸੀ । ਅਤੇ ਉਹਨਾਂ ਦਾ ਇਤਕਾਦ ਐਨ੍ਹਾ ਵਧਿਆ ਕਿ ਪ੍ਰੇਮ ਤੇ ਆਸਥਾ ਵਿੱਚ ਫ਼ਨਾ ਹੋ ਗਏ । ਜੱਦ ਵਜ਼ੀਰ ਸਯੱਦ ਮੁਹਮੱਦ ਹਸਨ ਸਾਹਬ ਦੀ ਭੇਂਟ ਹੋਈ ਤਾਂ ਸੰਜੋਗ ਵਸ਼ ਗੱਲਾਂ ਕਰਦਿਆਂ ਵਜ਼ੀਰ ਸਾਹਬ ਤੇ ਨਵਾਬ ਸਾਹਬ ਦਾ ਮੇਰੇ ਨਿਸ਼ਾਨਾ ਬਾਰੇ ਕੁਝ ਵਰਨਣ ਹੋਇਆ ਤਾਂ ਨਵਾਬ ਸਾਹਬ ਮਰਹੂਮ ਨੇ ਇਕ ਛੋਟੀ ਜਿਹੀ ਕਿਤਾਬ ਆਪਣੀ ਜੇਬ ਵਿੱਚੋਂ ਕੱਢ ਕੇ ਵਜ਼ੀਰ ਸਾਹਬ ਦੇ ਸਾਹਮਣੇ ਪੇਸ਼ ਕਰ ਦਿੱਤੀ ਅਤੇ ਕਿਹਾਂ ਕਿ ਮੇਰੇ ਈਮਾਨ ਤੇ ਆਸਥਾ ਦਾ ਸਬਬ ਇਹ ਦੋ ਪੇਸ਼ਗੋਈਆਂ ਹਨ ਜੋ ਇਸ ਕਿਤਾਬ ਵਿੱਚ ਦਰਜ ਹਨ ਅਤੇ ਜੱਦ ਕੁਝ ਸਮਾਂ ਬਾਦ ਉਹਨਾਂ ਦੀ ਮੌਤ

ਤੋਂ ਇਕ ਦਿਨ ਪਹਿਲਾਂ ਮੈਂ ਉਹਨਾਂ ਦਾ ਹਾਲ ਪੁਛੱਣ ਲਈ ਉਹਨਾਂ ਦੇ ਘਰ ਲੁੱਧਿਆਨਾ ਗਿਆ ਤਾਂ ਉਹ ਆਪਣੇ ਅੰਦਰ ਦੇ ਕਮਰੇ ਵਿੱਚ ਚਲੇ ਗਏ ਅਤੇ ਉੱਹੋ ਛੋਟੀ ਜਿਹੀ ਕਿਤਾਬ ਲੈ ਆਏ ਅਤੇ ਕਿਹਾ ਕਿ ਇਹ ਮੇਰੀ ਜਾਨ ਤੋਂ ਵੀ ਪਿਆਰੀ ਹੈ ਅਤੇ ਇਸ ਨੂੰ ਦੇਖਣ ਨਾਲ ਮੈਂਨੂੰ ਤਸੱਲੀ ਹੁੰਦੀ ਹੈ ਅਤੇ ਉਹ ਥਾਵਾਂ ਦਿਖਾਈਆਂ ਜਿੱਥੇ ਇਹ ਦੋਵੇਂ ਭਵਿੱਖਬਾਣੀਆਂ ਲਿੱਖੀਆਂ ਹੋਈਆਂ ਸਨ । ਫਿਰ ਆਪ ਫ਼ਰਮਾਉਂਦੇ ਹਨ ਕਿ ਕੁਝ ਸਾਲ ਹੋਏ ਹਨ ਕਿ ਸੇਠ ਅਬਦੁੱਰਹਮਾਨ ਸਾਹਬ ਤਾਜਰ ਮਦਰਾਸ (ਹੁਣ ਚੈਨਈ) ਜੋ ਪਹਿਲੇ ਦਰਜੇ ਦੇ ਮੁਖ਼ਲਿਸ ਜਮਾਤ ਵਿੱਚੋਂ ਹਨ, ਕਾਦੀਆਂ ਆਏ ਹੋਏ ਸਨ ਅਤੇ ਉਹਨਾਂ ਦੇ ਵਪਾਰ ਦੇ ਕੰਮਾ ਵਿੱਚ ਕੋਈ ਵਿਘਨ ਤੇ ਪ੍ਰੇਸ਼ਾਨੀ ਪੈ ਗਈ, ਉਹਨਾਂ ਨੇ ਦੁਆ ਲਈ ਬਿਨਤੀ ਕੀਤੀ । ਉਸ ਸਮੇਂ ਇਹ ਇਲਹਾਮ ਹੋਇਆ, ਜੋ ਹੇਠਾਂ ਦਰਜ ਹੈ । "ਕਾਦਰ ਹੈ ਵੋਹ ਬਾਰਗਾਹ ਟੂਟਾ ਕਾਮ ਬਨਾਵੇ, ਬਨਾ ਬਨਾਇਆ ਤੋੜ ਦੇ ਕੋਈ ਉਸਕਾ ਭੇਦ ਨ ਪਾਵੇ ।" ਇਸ ਇਲਹਾਮੀ ਵਾਕ ਦਾ ਇਹ ਅਰਥ ਸੀ ਕਿ ਰੱਬ ਟੁੱਟੇ ਹੋਏ ਕੰਮ ਨੂੰ ਬਣਾ ਦੇਵੇਗਾ ਪਰ ਫਿਰ ਕੁਝ ਸਮੇਂ ਬਾਦ ਬਣਾ ਬਣਾਇਆ ਤੋੜ ਦੇਵੇਗਾ । ਫ਼ਰਮਾਉਂਦੇ ਹਨ ਕਿ ਸੋ, ਇਹ ਇਲਹਾਮ ਕਾਦੀਆਂ ਵਿੱਚ ਹੀ ਸੇਠ ਸਾਹਬ ਨੂੰ ਸੁਣਾਇਆ ਗਿਆ ਅਤੇ ਥੋੜੇ ਹੀ ਦਿਨ ਲੰਘੇ ਸਨ ਕਿ ਰੱਬ ਨੇ ਉਹਨਾਂ ਦੇ ਵਪਾਰੀ ਕਾਰਜ ਵਿੱਚ ਰੌਣਕ ਪੈਦਾ ਕਰ ਦਿੱਤੀ ਅਤੇ ਫਿਰ ਕੁਝ ਸਮੇਂ ਬਾਦ ਬਣਿਆ ਬਣਾਇਆ ਕੰਮ ਟੁੱਟ ਗਿਆ । ਇਲਹਾਮ ਅਨੁਸਾਰ ਪਹਿਲਾਂ ਤਾਂ ਕਾਰੋਬਾਰ ਵਿੱਚ ਤਰੱਕੀ ਹੋਈ ਅਤੇ ਫਿਰ ਕੁਝ ਸਮਾਂ ਪਿੱਛੋਂ ਉਹ ਹੌਲੀ ਹੌਲੀ ਉਸ ਵਿੱਚ ਖ਼ਰਾਬੀ ਪੈਦਾ ਹੋਣੀ ਸ਼ੁਰੂ ਹੋਈ ਅਤੇ ਫਿਰ ਵਪਾਰ ਖ਼ਰਾਬ ਹੋ ਗਿਆ ।

ਫਿਰ ਆਪ ਫ਼ਰਮਾਉਂਦੇ ਹਨ ਕਿ ਇਕ ਥਾਂ ਆਪਣੇ ਬਾਰੇ ਹੀ ਕਿ ਮੈਂਨੂੰ ਦੋ ਰੋਗ ਲੰਮੇ ਸਮੇਂ ਤੋਂ ਸਨ । ਇਕ ਸਖ਼ਤ ਸਿਰ ਦਰਦ ਜਿਸ ਤੋਂ ਮੈਂ ਬਹੁਤ ਹੀ ਬੇਚੈਨ ਹੋ ਜਾਂਦਾ ਸੀ ਅਤੇ ਖ਼ਤਰਨਾਕ ਲਛੱਣ ਪੈਦਾ ਹੋ ਜਾਂਦੇ ਸਨ, ਇਹ ਰੋਗ ਲਗਭਗ 25 ਸਾਲ ਤੱਕ ਮੈਂਨੂੰ ਲੱਗਿਆ ਰਿਹਾ ਅਤੇ ਇਸ ਨਾਲ ਸਿਰ ਦੇ ਚਕੱਰ ਵੀ ਅਰੰਭ ਹੋ ਗਏ ਅਤੇ ਤਬੀਬਾਂ ਨੇ ਲਿੱਖਿਆ ਹੈ ਕਿ ਇਹਨਾਂ ਲਛੱਣਾ ਦਾ ਅੰਤਮ ਸਿਟੱਾ ਮਿਰਗੀ ਹੁੰਦਾ ਹੈ । ਸੋ, ਮੇਰੇ ਵੱਡੇ ਭਾਈ ਮਿਰਜ਼ਾ ਗ਼ੁਲਾਮ ਕਾਦਰ ਸਾਹਬ ਲਗਭਗ ਦੋ ਮਹੀਨੇ ਇਸੇ ਰੋਗ ਵਿੱਚ ਗ੍ਰਿਸੇ ਜਾਣ ਮਗਰੋ ਮਿਰਗੀ ਵਿੱਕ ਫਸ ਗਏ (ਅਰਥਾਤ ਮਿਰਗੀ ਦੇ ਦੌਰੇ ਪੈਣ ਲੱਗ ਪਏ) ਅਤੇ ਇਸੇ ਨਾਲ ਉਹਨਾਂ ਦੀ ਮੌਤ ਹੋ ਗਈ । ਪਰ ਮੈਂ ਦੁਆ ਕਰਦਾ ਰਿਹਾ ਕਿ ਰੱਬ ਮੈਂਨੂੰ ਇਹਨਾਂ ਰੋਗਾਂ ਤੋਂ ਸੁਰੱਖਿਅਤ ਰੱਖੇ । ਇਕ ਵਾਰ ਕਸ਼ਫ਼ ਦੀ ਅਵਸਥਾ ਵਿੱਚ ਮੈਂਨੂੰ ਦਿਖਾਇਆ ਗਿਆ ਕਿ ਇਕ ਬਲਾ ਕਾਲੇ ਰੰਗ ਵਿੱਚ ਪਸ਼ੂ ਦੇ ਰੂਪ ਵਿੱਚ ਜੋ ਭੇਡੂ ਵਾਂਗ ਉਸ ਦਾ ਕੱਦ ਸੀ ਅਤੇ ਵੱਡੇ ਵੱਡੇ ਵਾਲ ਸਨ ਅਤੇ ਵੱਡੇ ਵੱਡੇ ਪੰਜੇ ਸਨ ਮੇਰੇ ਉਪੱਰ ਹਮਲਾ ਕਰਨ ਲੱਗੀ ਹੈ ਅਤੇ ਮੇਰੇ ਦਿਲ ਵਿੱਚ ਪਾਇਆ ਗਿਆ ਕਿ ਇਹ 'ਸਰਾਅ' (ਅਰਥਾਤ ਮਿਰਗੀ ਦਾ ਰੋਗ) ਹੈ । ਉਸ ਸਮੇਂ ਮੈਂ ਆਪਣਾ ਸੱਜਾ ਹੱਥ ਜ਼ੋਰ ਨਾਲ ਉਸ ਦੀ ਹਿੱਕ'ਤੇ ਮਾਰਿਆ ਅਤੇ ਕਿਹਾ ਕਿ ਦੂਰ ਹੋ ਜਾ ਤੇਰਾ ਮੇਰੇ ਵਿੱਚ ਕੋਈ ਹਿੱਸਾ ਨਹੀਂ । ਰੱਬ ਜਾਣਦਾ ਹੈ ਉਸ ਸਮੇਂ ਤੋਂ ਉਹ ਖ਼ਤਰਨਾਕ ਰੋਗ ਜਾਂਦੇ ਰਹੇ ਅਤੇ ਉਹ ਸਖ਼ਤ ਸਿਰ ਦਰਦ ਵੀ ਉਕੱਾ ਹੀ ਜਾਂਦੀ ਰਹੀ ਕੇਵਲ ਕਿਸੇ ਕਿਸੇ ਸਮੇਂ ਸਿਰ ਚਕੱਰਾਉਂਦਾ ਹੈ (ਅਰਥਾਤ ਕਦੇ ਕਦਾਈਂ ਚਕੱਰਾਂ ਦਾ ਕਸ਼ਟ ਹੁੰਦਾ ਹੈ ।) ਤਾਂ ਜੋਂ ਉਹ ਦੋ ਜ਼ਰਦ (ਜ਼ਦਈ ਰੰਗ) ਚਾਦਰਾਂ ਦੀ ਭਵਿਖਬਾਣੀ ਵਿੱਚ ਕੋਈ ਵਿਘਨ ਨ ਆਵੇ । (ਮਸੀਹ ਮਊਦ ਬਾਰੇ ਇਹ ਭਵਿੱਖਬਾਣੀ ਹੈ ਕਿ ਉਹ ਦੋ ਜ਼ਰਦ ਚਾਦਰਾਂ ਵਿੱਚ ਹੋਵੇਗਾ ਅਤੇ ਦੋ ਜ਼ਰਦਈ ਚਾਦਰਾਂ ਤੋਂ ਭਾਵ ਦੋ ਰੋਗ ਹਨ । ਪਹਿਲਾ ਤਾਂ ਇਹੋ ਫ਼ਰਮਾਇਆ ਕਿ ਚਕੱਰਾਂ ਦਾ ਕਸ਼ਟ । ਫਰਮਾਇਆ) ਦੂਜਾ ਰੋਗ ਜ਼ਿਯਾਬੀਤੁਸ (ਸ਼ੂਗਰ, ਮਧੁਪ੍ਰਮੇਹ) ਲਗਭਗ ਵੀਹ ਵਰ੍ਹਿਆਂ ਤੋਂ ਮੈਂਨੂੰ ਲੱਗਿਆ ਹੋਇਆ ਹੈ ਇਸ ਨਿਸ਼ਾਨ ਦਾ ਪਹਿਲਾਂ ਵਰਨਣ ਹੋ ਚੁੱਕਿਆ ਹੈ । ਇਕ ਦਿਨ ਮੈਂਨੂੰ ਵਿਚਾਰ ਆਇਆ ਕਿ ਡਾਕਟਰਾਂ ਦੇ ਤਜਰਬੇ ਅਨੁਸਾਰ ਮਧੁਪ੍ਰਮੇਹ ਦਾ ਸਿਟੱਾ ਮੋਤੀਬਿੰਦ ਹੁੰਦਾ ਹੈ, ਸੋ, ਉਸੇ ਸਮੇਂ ਮੋਤੀਆਬਿੰਦ ਬਾਰੇ ਮੈਂਨੂੰ ਇਲਹਾਮ ਹੋਇਆ ਕਿ, (نزلت الرحمة علی ثلث العین ۔ واعلی الاخرین) ਅਰਥਾਤ ਤਿੰਨਾ ਅੰਗਾ ਉਪੱਰ ਰਹਿਮਤ ਕੀਤੀ ਗਈ ਅੱਖ ਅਤੇ ਦੋ ਹੋਰ ਅੰਗਾ ਉਪੱਰ । ਅਤੇ ਫਿਰ ਜੱਦ ਕਾਰਬੰਕਲ ਦਾ ਵਿਚਾਰ ਮੇਰੇ ਮਨ ਵਿੱਚ ਆਇਆ ਤਾਂ ਇਲਹਾਮ ਹੋਇਆ ਅਸੱਲਾਮੁ ਅਲੈਕੁਮ (السلام علیکم) । ਸੋ, ਇਕ ਲੰਮੀ ਉਮਰ ਲੰਘੀ ਕਿ ਮੈਂ ਇਹਨਾ ਬਲਾਵਾਂ ਤੋ ਸੁਰੱਖਿਅਤ ਹਾਂ ।

ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਦੇ ਰੋਗ ਬਾਰੇ ਵਰਨਣ ਕਰਦੇ ਹਨ, ਉਹਨਾਂ ਦਾ ਵਰਨਣ ਪਿਛਲੇ ਖ਼ੁਤਬੇ ਵਿੱਚ ਹਜ਼ਰਤ ਮੁਸਲਿਹ ਮਊਦ ਦੇ ਹਵਾਲੇ ਨਾਲ ਹੋਇਆ ਸੀ ਕਿ ਜੱਦ ਉਹਨਾਂ ਦੀ ਮੌਤ ਹੋਈ ਤਾਂ ਹਜ਼ਰਤ ਮੁਸਲਿਹ ਮਊਦ ਨੂੰ ਬਹੁਤ ਦੁੱਖ ਪਹੁੰਚਿਆ ਸੀ, ਉਹਨਾ ਦਾ ਇਕ ਵੱਡਾ ਮੁਕਾਮ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਹਨਾਂ ਦੇ ਰੋਗੀ ਹੋਣ ਸਮੇਂ ਵੀ ਦੁਆ ਕਰਦੇ ਰਹੇ ਅਤੇ ਇਸੇ ਬਾਰੇ ਇਕ ਇਲਹਾਮ ਦਾ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਬੀਤੇ ਸਾਲ ਵਿੱਚ ਅਰਥਾਤ 11 ਅਕਤੂਬਰ 1905 ਈ. ਨੂੰ ਮੰਗਲਵਾਰ ਵਾਲੇ ਦਿਨ ਸਾਡੇ ਇਕ ਸਦਭਾਵੀ ਮਿਤੱਰ ਆਰਥਾਤ ਮੌਲਵੀ ਅਬਦੁਲ ਕਰੀਮ ਸਾਹਬ ਮਰਹੂਮ ਇਸੇ ਰੋਗ ਕਾਰਬੰਕਲ ਅਰਥਾਤ ਸਰਤਾਨ ਨਾਲ ਮੌਤ ਹੋਈ ਸੀ । ਉਹਨਾਂ ਲਈ ਮੈਂ ਬਹੁਤ ਦੁਆ ਕੀਤੀ ਸੀ ਪਰ ਇਕ ਵੀ ਇਲਹਾਮ ਉਹਨਾਂ ਬਾਰੇ ਤਸੱਲੀ ਬਖ਼ਸ਼ ਨਹੀਂ ਸੀ ਸਗੋਂ ਵਾਰ ਵਾਰ ਇਹ ਇਲਹਾਮ ਹੁੰਦੇ ਰਹੇ ਕਿ ਕਫ਼ਨ ਵਿੱਚ ਲਪੇਟਿਆ ਗਿਆ । 47 ਸਾਲ ਦੀ ਉਮਰ ਸੀ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (إِنَّالِلّٰہِوَإِنَّاإِلَيْہِ رَاجِعُونَ) । ਇਨੱਲ ਮਨਾਯਾ ਲਾ ਤਤੀਸ਼ ਸਹਾਮਾਹਾ (ان المنایالاتطیش سھامھا) ਅਰਥਾਤ ਮੌਤ ਦਾ ਤੀਰ ਖਾਲੀ ਨਹੀਂ ਜਾਂਦਾ । ਜੱਦ ਇਸ'ਤੇ ਵੀ ਦੁਆ ਕੀਤੀ ਗਈ ਤਾਂ ਇਲਹਾਮ ਹੋਇਆ, ਯਾ ਅੱਯੋਹਨੱਾਸੁ ਬੁਦੂ ਰਬੱਾਕੁਮੁਲੱਜ਼ੀ ਖ਼ਲਾਕਾਕੁਮ, ਤੂਸੂਨਲ ਹਯਾਤੁੱਦੁਨੀਆ (یاایھاالناس اعبدواربکم الذی خلقکم۔ تؤثرون الحیٰوۃالدنیا۔) । ਅਰਥਾਤ ਹੇ, ਲੋਕੋ ! ਤੁਸੀਂ ਉਸ ਰੱਬ ਦੀ ਪ੍ਰਸਤਿਸ਼ ਕਰੋ ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ ਅਰਥਾਤ ਉਸੇ ਨੂੰ ਆਪਣੇ ਕਾਰਜਾਂ ਦਾ ਕਰਣਹਾਰ ਸਮਝੋ ਅਤੇ ਉਸੇ'ਤੇ ਭਰੋਸਾ ਰੱਖੋ । ਕੀ ਤੁਸੀਂ ਦੁਨੀਆ ਦੇ ਜੀਵਨ ਨੂੰ ਧਾਰਨ ਕਰਦੇ ਹੋ । ਇਸ ਵਿੱਚ ਇਹ ਸੰਕੇਤ ਸੀ ਕਿ ਕਿਸੇ ਦੇ ਵੁਜੂਦ ਨੂੰ ਐਨ੍ਹਾ ਜ਼ਰੂਰੀ ਸਮਝਣਾ ਕਿ ਉਸ ਦੇ ਮਰਨ ਨਾਲ ਅਤਿਅੰਤ ਹਾਣ ਹੋਵੇਗਾ ਇਹ ਇਕ ਸ਼ਿਰਕ ਹੈ ਅਤੇ ਉਸਦੇ ਜੀਵਨ ਲਈ ਅਤਿਅੰਤ ਜ਼ੋਰ ਲਾਉਂਣਾ ਇਕ ਪ੍ਰਕਾਰ ਦੀ ਦੁਨੀਆ ਪ੍ਰਸਤਿਸ਼ ਹੈ । ਇਸ ਦੇ ਬਾਦ ਮੈਂ ਖ਼ਮੋਸ਼ ਹੋ ਗਿਆ ਅਤੇ ਸਮਝ ਲਿਆ ਕਿ ਇਸ ਦੀ ਮੌਤ ਪੱਕੀ ਹੈ । ਸੋ, ਉਹ 11 ਅਕਤੂਬਰ 1905 ਈ. ਨੂੰ ਮੰਗਲਵਾਰ ਵਾਲੇ ਦਿਨ ਇਸ ਨਾਸ਼ਵਾਨ ਸੰਸਾਰ'ਚੋਂ ਕੂਚ ਕਰ ਗਏ । ਉਹ ਪੀੜਾ ਜੋ ਉਹਨਾਂ ਲਈ ਦੁਆ ਕਰਨ ਵਿੱਚ ਮੇਰੇ ਦਿਲ ਵਿੱਚ ਹੋਈ ਸੀ ਰੱਬ ਨੇ ਉਸ ਨੂੰ ਭੁਲਾਇਆ ਨਹੀਂ ਅਤੇ ਚਾਹਿਆ ਕਿ ਇਸ ਅਸਫ਼ਲਤਾ ਦਾ ਇਕ ਹੋਰ ਸਫ਼ਲਤਾ ਨਾਲ ਵਟਾਂਦਰਾ ਕਰੇ । ਇਸ ਲਈ ਇਸ ਨਿਸ਼ਾਨ ਲਈ ਸੇਠ ਅਬਦੁਰ ਰਹਮਾਨ ਨੂੰ ਚੁਣ ਲਿਆ । ਬੇਸ਼ਕ ਰੱਬ ਨੇ ਅਬਦੁਲ ਕਰੀਮ ਨੂੰ ਸਾਥੋਂ ਲੈ ਲਿਆ ਪਰ ਅਬਦੁਰ ਰਹਮਾਨ ਨੂੰ ਮੁੜ ਸਾਨੂੰ ਦੇ ਦਿੱਤਾ । ਉਹੋ ਰੋਗ ਉਹਨਾਂ ਨੂੰ ਹੋਇਆ, ਅੰਤ ਉਹ ਇਸੇ ਬੰਦੇ ਦੀ ਦੁਆ ਨਾਲ ਸਵਸਥ ਹੋਏ । ਫ਼ਲ ਹਮਦੁਲਿਲੱਾਹ ਅਲਾ ਜ਼ਾਲਿਕ (فلحمدللّٰہ علیٰ ذالك) । ਫ਼ਰਮਾਉਂਦੇ ਹਨ ਕਿ ਮੇਰਾ ਸੈਂਕੜਿਆਂ ਵਾਰ ਤਜਰਬਾ ਹੈ ਕਿ ਰੱਬ ਅਜਿਹਾ ਕਰੀਮ ਤੇ ਰਹੀਮ ਹੈ ਕਿ ਜੱਦ ਆਪਣੇ ਹਿਤ ਕਰਕੇ ਇਕ ਦੁਆ ਨੂੰ ਪਰਵਾਨ ਨਹੀਂ ਕਰਦਾ ਤਾਂ ਉਸ ਦੇ ਬਦਲੇ ਵਿੱਚ ਕੋਈ ਹੋਰ ਦੁਆ ਪਰਵਾਨ ਕਰ ਲੈਂਦਾ ਹੈ । (ਇੱਥੇ ਦੁਆ ਦੀ ਜੋ ਰੂਹ ਹੈ ਜੋ ਫ਼ਲਾਸਫ਼ੀ ਹੈ ਓਸ ਦਾ ਵੀ ਪਤਾ ਲੱਗ ਗਿਆ । ਕਈ ਲੋਕ ਕਹਿੰਦੇ ਕਿ ਜੀ ਸਾਡੀਆਂ ਦੁਆਵਾਂ ਪਰਵਾਨ ਨਹੀਂ ਹੋਈਆਂ ਤਾਂ ਨਬੀਆਂ ਦੀਆਂ ਦੁਆਵਾਂ ਵੀ ਕਈ ਵਾਰ ਜੇਕਰ ਅਲੱਾਹ ਤਆਲਾ ਦੀ ਤਕਦੀਰ ਹੈ ਤਾਂ ਕਬੂਲ ਨਹੀਂ ਹੁੰਦੀਆਂ, ਪਰ ਇਸ ਦੇ ਟਾਕਰੇ'ਤੇ ਦੂਜੀ ਦੁਆਂ ਕਬੂਲ ਹੋ ਜਾਂਦੀ ਹੈ । ਫ਼ਰਮਾਇਆ) ਕਿ ਦੁਆ ਸਵੀਕਾਰ ਨਹੀਂ ਕਰਦਾ ਤਾਂ ਇਸ ਦੇ ਬਦਲੇ ਵਿੱਚ ਕੋਈ ਹੋਰ ਦੁਆ ਸਵੀਕਾਰ ਕਰ ਲੈਂਦਾ ਹੈ ਜੋ ਉਸ ਦੇ ਸਮਾਨ ਹੁੰਦੀ ਹੈ । ਫਿਰ ਆਪਣੀ ਸਚੱਾਈ ਦੇ ਸਬੂਤ ਵੱਜੋਂ ਕੁਰਆਨ ਕਰੀਮ ਦੀਆਂ ਜੋ ਭਵਿੱਖਬਾਣੀਆਂ ਹਨ ਉਹਨਾਂ ਵਿੱਚ ਇਕ ਭਵਿੱਖਬਾਣੀ ਜੋ ਸਵਾਰੀ ਦੀ ਹੈ ਉਸ ਬਾਰੇ ਆਪ ਫ਼ਰਮਾਉਂਦੇ ਹਨ ਕਿ, "ਇਕ ਨਵੀਂ ਸਵਾਰੀ ਦਾ ਨਿਕਲਣਾ ਹੈ, ਇਹ ਨਿਸ਼ਾਨ ਮਸੀਹ ਮਊਦ ਦੇ ਪ੍ਰਕਟ ਹੋਣ ਦੀ ਵਿਸ਼ੇਸ਼ ਨਿਸ਼ਾਨੀ ਹੈ । ਜਿਵੇਂ ਕਿ ਕੁਰਆਨ ਕਰੀਮ ਵਿੱਚ ਲਿੱਖਿਆ ਹੈ । ਵ ਇਜ਼ਲ ਇਸ਼ਾਰੁ ਉੱਤਿਲਤ (وَإِذَاالْعِشَارُعُطِّلَتْ) ਅਰਥਾਤ ਅੰਤਮ ਜੁਗ ਉਹ ਹੈ ਜੱਦ ਉਠਣੀਆਂ ਬੇਕਾਰ ਹੋ ਜਾਣਗੀਆਂ । ਅਜਿਹਾ ਹੀ ਹਦੀਸ ਮੁਸਲਿਮ ਵਿੱਚ ਹੈ ਕਿ (ولیترکن القلاص فلا یسعیٰ علیھا) ਅਰਥਾਤ ਇਸ ਜੁੱਗ ਵਿੱਚ ਉਠਣੀਆਂ ਬੇਕਾਰ ਹੋ ਜਾਣਗੀਆਂ ਅਤੇ ਕੋਈ ਉਹਨਾ'ਤੇ ਯਾਤਰਾ ਨਹੀਂ ਕਰੇਗਾ ।

ਹੱਜ ਦੇ ਦਿਨਾ ਵਿੱਚ ਪਵਿੱਤਰ ਮੱਕੇ ਤੋਂ ਮਦੀਨਿ ਵੱਲ ਊਠਣੀਆਂ 'ਤੇ ਸਫ਼ਰ ਹੁੰਦਾ ਹੈ । ਹੁਣ ਉਹ ਦਿਨ ਬਹੁਤ ਨੇੜੇ ਹਨ ਕਿ ਇਸ ਸਫ਼ਰ ਲਈ ਰੇਲ ਤਿਆਰ ਹੋ ਜਾਏਗੀ, ਉਸ ਸਮੇਂ ਇਸ ਸਫ਼ਰ'ਤੇ ਇਹ ਪੂਰੀ ਉਤਰੇਗੀ ਕਿ ( وليتركن القلاص فلا يسعٰى عليها) (ਇਸ ਤੋਂ ਬਾਦ ਹਜ਼ੂਰ ਅਨਵਰ ਨੇ ਅਬਦੁਲੱਾਹ ਆਥਮ ਬਾਰੇ ਹਜ਼ਰਤ ਅਕਦਸ ਅਲੈਹਿ ਸਲਾਮ ਦੀ ਭਵਿੱਖਬਾਣੀ ਦਾ ਵਿਸਥਾਰ ਪੂਰਬਕ ਵਰਨਣ ਕੀਤਾ ।)

ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਹ ਦੱਸਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਦੀਆਂ ਬਰਕਤਾਂ ਮਨੁੱਖਾ ਦੀ ਤਾਕਤ ਤੋਂ ਬਹੁਤ ਉਪੱਰ ਹਨ ਅਤੇ ਮਨ੍ਹਣ ਵਾਲਿਆਂ ਨੂੰ ਨਿਸ਼ਾਨ ਦਿਖਾਕੇ ਯਕੀਨੀ ਮਾਅਰਫ਼ਤ ਬਖ਼ਸ਼ਦਾ ਹੈ ਅਤੇ ਫ਼ਿਰ ਇਸ ਬਰਕਤ ਨਾਲ ਚਮਤਕਾਰ ਪ੍ਰਗਟ ਹੁੰਦੇ ਹਨ । ਆਪ ਫ਼ਰਮਾਉਂਦੇ ਹਨ ਕਿ ਮੈਂ ਇਹਨਾਂ ਕੁਰਆਨੀ ਬਰਕਤਾਂ ਨੂੰ ਕਿੱਸਿਆਂ ਵੱਜੋ ਬਿਆਨ ਨਹੀਂ ਕਰਦਾ । ਕੁਰਆਨ ਕਰੀਮ ਦੀਆਂ ਜੋ ਬਰਕਤਾ ਹਨ ਉਹ ਕੇਵਲ ਕਿੱਸੇ ਕਹਾਣੀਆਂ ਨਹੀਂ ਹਨ ਸਗੋਂ ਉਹ ਚਮਤਕਾਰ ਪੇਸ਼ ਕਰਦਾ ਹਾਂ ਜੋ ਮੈਂਨੂੰ ਆਪ ਖ਼ੁੱਦ ਨੂੰ ਦਿਖਾਏ ਗਏ ਹਨ । ਉਹ ਸਾਰੇ ਚਮਤਕਾਰ ਲਗਭਗ ਇਕ ਲੱਖ ਤੋਂ ਵੀ ਵੱਧ ਹਨ । ਖ਼ੁਦਾ ਨੇ ਕੁਰਆਨ ਕਰੀਮ ਵਿੱਚ ਫ਼ਰਮਾਇਆ ਸੀ ਕਿ ਜੋ ਮਨੁੱਖ ਮੇਰੇ ਇਸ ਕਲਾਮ ਦੀ ਪੈਰ੍ਹਵੀ ਕਰੇ ਉਹ ਨ ਕੇਵਲ ਇਸ ਕਿਤਾਬ ਦੇ ਚਮਤਕਾਰਾਂ ਉਪੱਰ ਈਮਾਨ ਲਿਆਏ ਗਾ ਸਗੋਂ ਉਸਨੂੰ ਵੀ ਚਮਤਕਾਰ ਦਿੱਤੇ ਜਾਣਗੇ । ਸੋ, ਮੈਂ ਆਪ ਖ਼ੁੱਦ ਉਹ ਚਮਤਕਾਰ ਰੱਬ ਦੇ ਇਸ ਕਲਾਮ ਦੀ ਤਾਸੀਰ ਰਾਹੀਂ ਪ੍ਰਾਪਤ ਕੀਤੇ ਜੋ ਮਨੁੱਖਾਂ ਦੀ ਤਾਕਤ ਤੋਂ ਕਿਤੇ ਬੁਲੰਦ ਅਤੇ ਕੇਵਲ ਰੱਬ ਦਾ ਕਰਮ ਹਨ । ਉਹ ਭੁਚਾਲ ਜੋ ਧਰਤੀ ਉਪੱਰ ਆਏ, ਉਹ ਤਾਊਨ (ਪਲੇਗ) ਜੋ ਦੁਨੀਆ ਨੂੰ ਖਾ ਰਹੀ ਹੈ, ਉਹ ਇਹਨਾਂ ਹੀ ਚਮਤਕਾਰਾਂ ਵਿੱਚੋਂ ਹਨ ਜੋ ਮੈਂਨੂੰ ਦਿਖਾਏ ਗਏ । ਮੈਂ ਇਹਨਾਂ ਆਫ਼ਤਾਂ ਦਾ ਨਾਂ ਤੇ ਨਿਸ਼ਨੀਆਂ ਪੰਝੀ ਵਰ੍ਹੇ ਪਹਿਲਾਂ ਹੀ ਬ੍ਰਾਹੀਨ ਅਹਮਦੀਆ ਵਿੱਚ ਇਹਨਾ ਹਾਦਸਿਆਂ ਦੀਆਂ ਖ਼ਬਰਾਂ ਨੂੰ ਭਵਿੱਖਬਾਣੀ ਵਾਂਗ ਪ੍ਰਕਾਸ਼ਤ ਕਰ ਦਿੱਤਾ ਸੀ ਕਿ ਇਹ ਆਫ਼ਤਾਂ ਆਉਣ ਵਾਲੀਆਂ ਹਨ । ਸੋ, ਉਹ ਆਫ਼ਤਾਂ ਆ ਗਈਆਂ ਅਤੇ ਹੁਣੇ ਬਸ ਨਹੀਂ ਹੋਈਆਂ ਸਗੋਂ ਆਉਣ ਵਾਲੀਆਂ ਆਫ਼ਤਾਂ ਇਹਨਾਂ ਆਫਤਾਂ ਤੋਂ ਬਹੁਤ ਅਧਿਕ ਹਨ । ਇਕ ਖ਼ੌਫ਼ਨਾਕ ਕਿਸਮ ਦੀ ਤਾਊਨ (ਪਲੇਗ) ਵੀ ਪ੍ਰਕਟ ਹੋਣ ਵਾਲੀ ਹੈ ਜੋ ਇਸ ਦੇਸ਼ ਅਤੇ ਦੂਜਿਆਂ ਦੇਸ਼ਾਂ ਵਿੱਚ ਪ੍ਰਗਟ ਹੋਵੇਗੀ ਅਤੇ ਬਹੁਤ ਤੰਗ ਕਰੇਗੀ । ਅਤੇ ਹੁਣ ਜੋ ਦੁਨੀਆ ਦੇ ਕਰਮ ਹਨ, ਜਿਵੇਂ ਇਹ ਰੱਬ ਤੋਂ ਦੂਰ ਹਟਦੇ ਜਾ ਰਹੇ ਹਨ ਅਤੇ ਨ ਕੇਵਲ ਦੂਰ ਹਟਦੇ ਜਾ ਰਹੇ ਹਨ ਸਗੋਂ ਅਤਿਆਚਾਰ ਵੀ ਕਰ ਰਹੇ ਹਨ । ਉਹ ਇਹਨਾਂ ਆਫਤਾਂ ਨੂੰ ਮੁੜ ਬਲਾਉਂਣ ਲਈ ਖ਼ੁੱਦ ਉਹਨਾਂ ਦੇ ਕਰਮ ਛੇਤੀ ਕਰ ਰਹੇ ਹਨ । ਰੱਬ ਰਹਿਮ ਕਰੇ ਅਤੇ ਅਹਮਦੀਆਂ ਨੂੰ ਦੁਆਵਾਂ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਸਾਨੂੰ ਵੀ ਆਪਣੇ ਕਰਮ ਠੀਕ ਰੱਖਣ ਦੀ ਸ਼ਕਤੀ ਪ੍ਰਦਾਨ ਕਰੇ । ਇਹ ਮੁਸਲਮਾਨ ਦੇਸ਼ਾਂ ਵਿੱਚ ਵੀ ਜਿੱਥੇ ਇਹੋ ਅਵਸਥਾ ਹੈ, ਮੁਸਲਮਾਨਾਂ ਦਾ ਆਪਣਾ ਹਾਲ ਵੀ ਇਹੋ ਹੈ ਕਿ ਰੱਬ ਤੋਂ ਦੂਰ ਹੋ ਰਹੇ ਹਨ । ਜੋ ਬੁਲਾਉਣ ਵਾਲੇ ਜਿਵੇਂ ਆਪ ਨੇ ਫ਼ਰਮਾਇਆ ਕਿ ਜੋ ਕਹਿ ਰਿਹਾ ਹੈ ਕਿ ਠੀਕ ਰੱਸਤੇ ਉਪੱਰ ਚੱਲੋ ਇਸ ਨਾਲ ਹਾਸਾ ਹੋਵੇਗਾ ਠੱਠਾ ਹੋਵੇਗਾ ਅਤੇ ਉਸ'ਤੇ ਕਿਹਾ ਜਾਵੇਗਾ ਕਿ ਇਹ ਫ਼ਸਾਦ ਫੈਲਾਉਣ ਦੀ ਜਾਂ ਖ਼ੌਫ ਫੈਲਾਉਣ ਦਾ ਜਤਨ ਕਰ ਰਿਹਾ ਹੈ ।

ਹੁਣ ਰੱਬ ਨੇ ਨਿਸ਼ਚਾ ਕੀਤਾ ਹੈ ਕਿ ਫਿਰ ਨਵੇਂ ਸਿਰਿਓਂ ਇਹਨਾਂ ਸ਼ਕਤੀਆਂ ਨੂੰ ਜ਼ਿੰਦਾ ਕਰੇ । ਉਹ ਖ਼ੁਦਾ ਜੋ ਹਮੇਸ਼ਾ ਯੁਹਯਿਲ ਅਰਜ਼ਾ ਬਾਦਾ ਮੌਤਿਹਾ (يحي الارض بعد موتها) ਕਰਦਾ ਰਿਹਾ ਹੈ ਉਸ ਨੇ ਨਿਸ਼ਚਾ ਕੀਤਾ ਹੈ ਅਤੇ ਉਸ ਲਈ ਮਾਰਗ ਨਿਰਧਾਰਤ ਕੀਤੇ ਗਏ ਹਨ । ਇਕ ਪਾਸੇ ਮਾਮੂਰ (ਰੱਬ ਦਾ ਭੇਜਿਆ ਸੁਧਾਰਕ) ਭੇਜ ਦਿੱਤਾ ਗਿਆ ਹੈ ਜੋ ਮਿੱਠੇ ਸ਼ਬਦਾਂ ਵਿੱਚ ਨਿਮੰਤਰਣ ਦੇਕੇ ਲੋਕਾਂ ਨੂੰ ਸੁਮਾਰਗ ਵੱਲ ਲਾਵੇ (ਅਰਥਾਤ ਆਪਣੇ ਆਉਣ ਬਾਰੇ ਫ਼ਰਮਾ ਰਹੇ ਹਨ) । ਦੂਜੇ ਪਾਸੇ ਗਿਆਨ ਵਿਗਿਆਨ ਦੀ ਪ੍ਰਗਤੀ ਹੈ, ਅਕਲ ਆਉਂਦੀ ਜਾਂਦੀ ਹੈ ਅਰਥਾਤ ਸੋਚ ਵਧੇਰੇ ਖੁੱਲ ਰਹੀ ਹੈ । ਗਿਆਨ ਵਿਗਿਆਨ ਵਿੱਚ ਤਰੱਕੀ ਹੋ ਰਹੀ ਹੈ । ਫ਼ਰਮਾਇਆ ਤਰਕ ਲਈ ਆਕਾਸ਼ ਉਪੱਰ ਚਮਤਕਾਰ ਪ੍ਰਕਟ ਹੋ ਰਹੇ ਹਨ । ਅਨੇਕਾਂ ਚਮਤਕਾਰ ਜੋ ਪ੍ਰਕਟ ਹੋਏ ਆਪ ਦੇ ਜੁੱਗ ਵਿੱਚ ਵੀ, ਤੂਫ਼ਾਨਾ ਦੇ ਵੀ, ਭੁਚਾਲਾਂ ਦੇ ਵੀ, ਚੰਨ੍ਹ ਤੇ ਸੂਰਜ ਗ਼ਹਿਣ ਦੇ ਵੀ । ਫਿਰ ਫ਼ਰਮਾਇਆ ਕਿ

ਕਹਿਰੀ ਚਮਤਕਾਰਾਂ ਦੀ ਵੀ ਲੜੀ ਹੈ ਜਿੰਨ੍ਹਾ ਵਿੱਚ ਤਾਊਨ ਦਾ ਵੀ ਇਕ ਚਮਤਾਕਾਰ ਹੈ ਅਤੇ ਹੁਣ ਜੋ ਤੀਬਰਤਾ ਨਾਲ ਫੈਲ ਰਿਹਾ ਹੈ (ਇਸ ਜੁੱਗ ਵਿੱਚ ਵੀ ਜੋ ਸੀ, ਕਦੇ ਬੀਤੀਆਂ ਨਸਲਾਂ ਨੇ ਦੇਖਿਆ ਹੋਵੇਗਾ ਅਤੇ ਅਨੇਕਾ ਹੀ ਲੋਕ ਹਨ ਜੋ ਇਹਨਾ ਚਮਤਕਾਰਾਂ ਅਤੇ ਆਇਤਾਂ ਤੋਂ ਲਾਭ ਉਠਾ ਰਹੇ ਹਨ । ਇਸ ਵਿਦਿਆ ਨੂੰ ਸਮਝਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦਾਵੇ ਨੂੰ ਸਮਝਦੇ ਹਨ ਅਤੇ ਫਿਰ ਉਸਨੂੰ ਕਬੂਲ ਕਰਦੇ ਹਨ ਅਤੇ ਹਰ ਖੇਤਰ ਵਿੱਚ ਹਰ ਤਬਕੇ ਵਿੱਚ ਹਰ ਦੇਸ਼ ਵਿੱਚ ਅਜਿਹੇ ਲੋਕ ਪਾਏ ਜਾਂਦੇ ਹਨ ਜੋ ਅਲੱਾਹ ਦੀ ਮਿਹਰ ਨਾਲ ਸੈਂਕੜਿਆਂ ਹਜ਼ਾਰਾਂ ਸਗੋਂ ਲੱਖਾਂ ਦੀ ਗਿਣਤੀ ਵਿੱਚ ਜਮਾਤ ਵਿੱਚ ਸ਼ਾਮਲ ਹੋ ਰਹੇ ਹਨ । ਫਿਰ ਆਪ ਫ਼ਰਮਾਉਂਦੇ ਹਨ ਚੇਤੇ ਰੱਖੋ ਕਿ ਇਹਨਾਂ ਚਮਤਾਕਾਰਾਂ ਅਤੇ ਭਵਿੱਖਬਾਣੀਆਂ ਦੀ ਨਜ਼ੀਰ ਜੋ ਮੇਰੇ ਹੱਥ ਉਪੱਰ ਪ੍ਰਕਟ ਹੋਏ ਅਤੇ ਪ੍ਰਕਟ ਹੋ ਰਹੇ ਹਨ ਇਹਨਾਂ ਦੀ ਮਹੱਤਾ, ਵਿਵਰਣ, ਅਵਸਥਾ ਤੇ ਪ੍ਰਮਾਣਿਕਤਾ ਦੇ ਪੱਖੋਂ ਉਕੱਾ ਹੀ ਪੇਸ਼ ਨਹੀਂ ਕਰ ਸਕੋਗੇ, ਫਿਰ ਭਾਵੇਂ ਭਾਲਦਿਆਂ ਭਾਲਦਿਆਂ ਮਰ ਵੀ ਜਾਓ । ਸਗੋਂ  ਹੁਣ ਤਾਂ ਰੱਬ ਦੀ ਕਰਮ ਰੂਪੀ ਗਵਾਹੀਆਂ ਵੀ ਅਜਿਹੇ ਚਮਤਕਾਰ ਬਣ ਚੁਕੇ ਹਨ ਜਿੰਨ੍ਹਾ ਵਿੱਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ ਅਤੇ ਅਸੀਂ ਪ੍ਰਤੀ ਦਿਨ ਦੇਖਦੇ ਹਾਂ । ਹੁਣ  ਅੱਜ ਕਲ ਦੁਨੀਆ ਦਾ ਜੋ ਇਹ ਧਿਆਨ ਪੈਦਾ ਹੋ ਰਿਹਾ ਹੈ ਜਮਾਤ  ਦਾ ਸੰਦੇਸ਼ ਵੀ ਸੁਣ ਰਹੇ ਹਨ । ਇਹ ਵੀ ਇਕ ਚਮਤਕਾਰਾਂ ਵਿਚੋਂ ਇਕ ਚਮਤਕਾਰ ਹੈ ਕਿ ਮੀਡੀਆ ਵੱਲ ਧਿਆਨ ਪੈਦਾ ਹੋ ਰਿਹਾ ਹੈ ਕਿਸੇ ਵੀ ਬਹਾਨੇ ਕਿਸੇ ਵੀ ਸਬਬ । ਬਹਿਰ ਹਾਲ ਚਮਤਕਾਰ ਤਾਂ ਹਰ ਸੂਝਵਾਨ ਲਈ ਪ੍ਰਤੀਦਿਨ ਪ੍ਰਗਟ ਹੋ ਰਹੇ ਹਨ । ਫਿਰ ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਇਹ ਗੱਲ ਚੇਤੇ ਰੱਖਣ ਯੋਗ ਹੈ ਕਿ ਰੱਬ ਆਪਣੇ ਸਿਲਸਿਲੇ ਨੂੰ ਪ੍ਰਮਾਣ ਹੀਨ ਨਹੀਂ ਛੱਡੇਗਾ । ਉਹ ਆਪ ਫ਼ਰਮਾਉਂਦਾ ਹੈ, ਜੋ ਬ੍ਰਾਹੀਨ ਅਹਮਦੀਆ ਵਿੱਚ ਦਰਜ ਹੈ ਕਿ ਦੁਨੀਆ ਵਿੱਚ ਇਕ ਨਜ਼ੀਰ ਆਇਆ ਪਰ ਦੁਨੀਆ ਨੇ ਉਸਨੂੰ ਕਬੂਲ ਨ ਕੀਤਾ ਪਰ ਰੱਬ ਉਸਨੂੰ ਕਬੂਲ ਕਰੇਗਾ ਅਤੇ ਵੱਡੇ ਜ਼ੋਰਦਾਰ ਹਮਲਿਆਂ ਰਾਹੀਂ ਉਸ ਦੀ ਸਚੱਾਈ ਪ੍ਰਗਟ ਕਰ ਦੇਵੇ ਗਾ । ਜਿੰਨ੍ਹਾ ਲੋਕਾਂ ਨੇ ਇਨਕਾਰ ਕੀਤਾ ਅਤੇ ਜੋ ਇਨਕਾਰ ਲਈ ਤਿਆਰ ਹਨ ਉਹਨਾਂ ਲਈ ਜ਼ਿਲੱਤ ਤੇ ਖ਼ਵਾਰੀ ਮੁਕਦੱਰ ਹੈ । ਉਹਨਾਂ ਨੇ ਇਹ ਵੀ ਨ ਸੋਚਿਆ ਕਿ ਜੇਕਰ ਇਸ ਮਨੁੱਖ ਦਾ ਝੂਠ ਹੁੰਦਾ ਤਾਂ ਕਦੋਂ ਦਾ ਨਸ਼ਟ ਹੋ ਗਿਆ ਹੁੰਦਾ ਕਿਉਂਕਿ ਰੱਬ ਝੂਠੇ ਦਾ ਅਜਿਹਾ ਦੁਸ਼ਮਣ ਹੈ ਕਿ ਦੁਨੀਆਂ ਵਿੱਚ ਅਜਿਹਾ ਕਿਸੇ ਦਾ ਦੁਸ਼ਮਣ ਨਹੀਂ । ਮੇਰੇ ਨਾਲ ਉਹੋ ਹੈ ਜੋ ਮੇਰੀ ਮਰਜ਼ੀ ਲਈ ਆਪਣੀ ਮਰਜ਼ੀ ਛਡੱਦਾ ਹੈ ਆਪਣੇ ਨਫ਼ਸ ਦੇ ਤਿਆਗ ਅਤੇ ਅਪਨਾਉਣ ਲਈ ਮੈਨੂੰ ਹਕਮ ਬਣਾਉਂਦਾ ਹੈ । ਹੁਣ ਮੈਂ ਜਾਣਦਾ ਹਾਂ ਕਿ ਚਮਤਕਾਰਾਂ ਬਾਰੇ ਮੈਂ ਬਹੁਤ ਕੁਝ ਲਿੱਖ ਚੁੱਕਿਆ ਹਾਂ ਅਤੇ ਰੱਬ ਜਾਣਦਾ ਹੈ ਕਿ ਇਹ ਗੱਲ ਠੀਕ ਹੈ ਅਤੇ ਸੱਚੀ ਹੈ ਕਿ ਹੁਣ ਤੱਕ ਤਿੰਨ ਹਜ਼ਾਰ ਦੇ ਨੇੜੇ ਜਾਂ ਕੁਝ ਵੱਧ ਕਾਰਜ ਮੇਰੇ ਲਈ ਰੱਬ ਵੱਲੋਂ ਪੂਰੇ ਹੋਏ ਹਨ ਜੋ ਮਨੁੱਖੀ ਤਾਕਤਾਂ ਤੋਂ ਉਪੱਰ ਹਨ ਅਤੇ ਭਵਿੱਖ ਵਿੱਚ ਉਹਨਾਂ ਦਾ ਦਰ ਬੰਦ ਨਹੀਂ ਹੋਇਆ । ਅਲੱਾਹ ਤਆਲਾ ਦੁਨੀਆ ਨੂੰ ਵੀ ਅਕਲ ਦੇਵੇ ਕਿ ਚਮਤਕਾਰਾਂ ਨੂੰ ਸਮਝਣ ਵਾਲੇ ਹੋਣ ਅਤੇ ਕੇਵਲ ਚਮਤਕਾਰਾਂ ਦਾ ਅਧਿਐਨ ਆਪਣੀ ਅਕਲ ਅਤੇ ਇਛੱਾ ਪੂਰਤੀ ਅਨੁਸਾਰ ਕਰਨ ਵਾਲੇ ਨ ਹੋਣ ਸਗੋਂ ਸਮੇਂ ਦੀ ਲੋੜ ਅਤੇ ਜ਼ਮਾਨੇ ਦੀ ਆਵਾਜ਼ ਅਤੇ ਅਵਸਥਾ ਜੋ ਰੱਬ ਦੇ ਫ਼ਰਸਤਾਦੇ ਦੀ ਲੋੜ ਦਾ ਪ੍ਰਗਟਾਵਾ ਕਰ ਰਹੀ ਹੈ ਉਸ ਨੂੰ ਸੁਨਣ । ਉਸਨੂੰ ਸਮਝਣ ਦਾ ਜਤਨ ਕਰਨ । ਰੱਬ ਦੇ ਭੇਜੇ ਹੋਏ ਦੀ ਭਾਲ ਕਰਕੇ ਮਨ੍ਹਣ ਵਾਲੇ ਵੀ ਹੋਣ ਤਾਂ ਜੋ ਇਸ ਦੁਨੀਆ ਵਿੱਚ ਫਸਾਦਾਂ ਦਾ ਖ਼ਾਤਮਾ ਹੋ ਸਕੇ ।

ਅੱਜ ਇਕ ਨਮਾਜ਼ ਜਨਾਜ਼ਾ ਗ਼ਾਇਬ ਵੀ ਪੜ੍ਹਾਵਾਂਗਾ ਮੁਕਰੱਮ ਗ਼ੁਲਾਮ ਕਾਦਰ ਸਾਹਬ ਦਰਵੇਸ਼ ਕਾਦੀਆਂ ਸਪੁਤੱਰ ਅਬਦੁਲ ਗ਼ਫ਼ੱਾਰ ਸਾਹਬ ਮਰਹੂਮ ਦਾ । ਇਹ 12 ਨਵੰਬਰ 2014 ਈ. ਨੂੰ ਨੱਵੇ ਸਾਲ ਦੀ ਉਮਰ ਭੋਗਕੇ ਇਲਾਹੀ ਹੁਕੁਮ ਅਨੁਸਾਰ ਵਫ਼ਾਤ ਪਾ ਗਏ ਹਨ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (إِنَّا لِلّٰهِ وَإِنَّا إِلَيْهِ رَاجِعُونَ) । ਆਪ ਤਿੰਨ ਸੋ ਤੇਰ੍ਹਾਂ ਦਰਵੇਸ਼ਾਂ ਵਿੱਚ ਸ਼ਸ਼ਾਮਲ ਸਨ । ਤਵਾਰੀਖ ਅਹਮਦੀਆ ਵਿੱਚ ਇਹਨਾਂ ਦਾ ਦਰਵੇਸ਼ਾਂ ਵਿੱਚ  ਇਕ ਸੌ ਨਵਾਸੀਵਾਂ (189) ਨੰਬਰ ਹੈ । ਅਪ੍ਰੈਲ 1925 ਈ. ਵਿੱਚ ਸ਼ਾਦੀਵਾਲ, ਗੁਜਰਾਤ ਵਿੱਚ ਪੈਦਾ ਹੋਏ । ਅਰੰਭਕ ਸਿੱਖਿਆ ਵੀ ਏਥੇ ਹੀ ਹਾਸਲ ਕੀਤੀ । ਫ਼ੌਜ ਵਿੱਚ ਭਰਤੀ ਹੋ ਗਏ । ਮੁਲਾਜ਼ਮਤ ਨੂੰ ਚਾਰ ਸਾਲ ਹੋਏ ਸਨ ਕਿ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀ

ਤਹਰੀਕ'ਤੇ ਕੇਂਦਰ ਦੀ ਰੱਖਿਆ ਲਈ ਨੌਜੁਆਨ ਆਪਣੇ ਜੀਵਨ ਵਕਫ਼ ਕਰਨ । 1947 ਈ. ਵਿੱਚ ਕਾਦੀਆਂ ਹਾਜ਼ਰ ਹੋ ਗਏ । ਪ੍ਰਚਾਰ ਦਾ ਬਹੁਤ ਸ਼ੌਕ ਸੀ ਵਿਸੇਸ਼ ਕਰ ਸਿੱਖਾਂ ਨੂੰ ਪ੍ਰਚਾਰ ਕਰਦੇ ਸਨ । ਬੁਢੇਪੇ ਦੇ ਰੋਗਾਂ ਤੇ ਕਮਜ਼ੋਰੀ ਹੁੰਦਿਆਂ ਹੋਇਆਂ ਵੀ ਅੰਤਮ ਸਮੇਂ ਤੱਕ ਮਸਜਿਦ ਮੁਬਾਰਕ ਵਿੱਚ ਜਾਕੇ ਨਮਾਜ਼ ਪੜ੍ਹਿਆ ਕਰਦੇ ਸਨ । ਰੱਬ ਇਹਨਾਂ ਦੇ ਦਰਜੇ ਬੁਲੰਦ ਫ਼ਰਮਾਏ ।

ਇਹਨਾਂ ਤੋਂ ਬਿਨਾਂ ਦੋ ਹੋਰ ਦਰਵੇਸ਼ ਵੀ ਹਨ ਜੋ ਕੁਝ ਮਹੀਨੇ ਪਹਿਲਾਂ ਫ਼ੌਤ ਹੋਏ ਸਨ, ਉਹਨਾਂ ਦਾ ਜਨਾਜ਼ਾਹ ਗ਼ਾਇਬ ਤਾਂ ਪਹਿਲਾਂ ਪੜ੍ਹਿਆ ਜਾ ਚੁੱਕਿਆ ਸੀ ਪਰ ਗੁਣਾ ਦਾ ਵਰਨਣ ਨਹੀਂ ਹੋਇਆ ਸੀ । ਉਹਨਾਂ ਦੀ ਵੀ ਅੱਜ ਵਰਨਣ ਕਰਨਾ ਚਾਹੁੰਦਾ ਹਾਂ । ਲੋਕ ਉਹਨਾਂ ਨੂੰ ਅਤੇ ਉਹਨਾਂ ਦੀ ਔਲਾਦ ਨੂੰ ਵੀ ਆਪਣੀਆਂ ਦੁਆਵਾਂ ਵਿੱਚ ਯਾਦ ਰੱਖਣ । ਇਹਨਾਂ ਦਰਵੇਸ਼ਾਂ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹੋਈਆਂ ਹਨ । ਇਕ ਲੰਮਾ ਸਮਾਂ ਅਅਤਿਅੰਤ ਗ਼ਰੀਬੀ ਵਿੱਚ ਬਹੁਤ ਹੀ ਮਮੂਲੀ ਅਵਸਥਾ ਦੇ ਗੁਜ਼ਾਰੇ ਵਿੱਚ ਕਾਦੀਆਂ ਵਿੱਚ ਲੰਘਾਏ ਹਨ ਅਤੇ ਪਵਿੱਤਰ ਸਥਾਨਾ ਦੀ ਰੱਖਿਆ ਦਾ ਹੱਕ ਪੂਰਾ ਕੀਤਾ ਹੈ । ਇਹਨਾਂ ਵਿੱਚੋਂ ਇਕ ਹਨ ਮਿਰਜ਼ਾ ਮੁਹਮੱਦ ਇਕਬਾਲ ਸਾਹਬ ਜੋ ਮਿਰਜ਼ਾ ਆਦਮ ਬੇਗ ਸਾਹਬ ਦੇ ਪੁਤੱਰ ਸਨ, ਇਹ 11 ਜੂਨ 2014 ਈ. ਨੂੰ ਫ਼ੌਤ ਹੋਏ ਸਨ (إِنَّا لِلّٰهِ وَإِنَّا إِلَيْهِ رَاجِعُونَ) । ਇਹਨਾਂ ਦੇ ਦਾਦਾ ਹਜ਼ਰਤ ਮਿਰਜ਼ਾ ਰਸੂਲ ਬੇਗ ਸਹਾਬੀ ਸਨ ਇਹ ਅਰੰਭਕ ਤਿੰਨ ਸੌ ਤੇਰ੍ਹਾਂ ਦਰਵੇਸ਼ਾਂ ਵਿੱਚੋਂ ਸਨ ।

ਫਿਰ ਚੌਧਰੀ ਮਨਜ਼ੂਰ ਅਹਮਦ ਸਾਹਬ ਚੀਮਾ ਇਹ 26 ਜੁਲਾਈ 2014 ਈ. ਨੂੰ 94 ਸਾਲ ਦੀ ਉਮਰ ਭੋਗ ਕੇ ਵਫ਼ਾਤ ਪਾ ਗਏ । (إِنَّا لِلّٰهِ وَإِنَّا إِلَيْهِ رَاجِعُونَ) ਆਪ ਚੌਧਰੀ ਨੂਰ ਅਲੀ ਸਾਹਬ ਚੀਮਾ ਸਹਾਬੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵੱਡੇ ਪੁਤੱਰ ਸਨ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਜੱਦ ਕੇਂਦਰ ਦੀ ਸੁਰੱਖਿਆ ਲਈ ਜਮਾਤ ਦੇ ਲੋਕਾਂ ਨੂੰ ਤਹਰੀਕ ਕੀਤੀ ਤਾਂ ਆਪ ਬਰਤਾਨਵੀ ਫ਼ੌਜ ਵਿੱਚ ਰਹਿ ਚੁਕੇ ਸਨ ਇਸ ਲਈ ਆਪ ਨੇ ਆਪਣੀ ਸੇਵਾ ਪੇਸ਼ ਕੀਤੀ ਅਤੇ ਦਰਵੇਸ਼ੀ ਦਾ ਮਾਣ ਪ੍ਰਾਪਤ ਕੀਤਾ । ਬੁਢੇਪੇ ਦੀ ਉਮਰ ਅਤੇ ਲੰਮਾ ਚਿਰ ਬੈਸਾਖੀਆਂ ਰਾਹੀਂ ਮਸਜਿਦ ਵਿੱਚ ਨਮਾਜ਼ ਲਈ ਹਾਜ਼ਰ ਹੁੰਦੇ ਰਹੇ । ਸਦਭਾਵੀ, ਖ਼ੁਸ਼ ਮਿਜ਼ਾਜ, ਜ਼ਿੰਦਾ ਦਿਲ, ਸਜੱਣ ਤੇ ਪ੍ਰੇਮ ਕਰਨ ਵਾਲੇ ਮਨੁੱਖ ਸਨ, ਮੂਸੀ ਸਨ ।


**Khulasa Khutba 21.11.2014**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131